# ਨਵੀਂ ਸਾਂਝ- ਪੰਜਾਬੀ ਵਿਭਾਗ ਵਲੋਂ ਆਯੋਜਿਤ ਪ੍ਰੋਗਰਾਮ

ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ ਦੇਵ ਨਗਰ ਦੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਨੇ ਪੰਜਾਬੀ ਸਾਹਿਤ ਸਭਾ 'ਕਲਮ' ਵੱਲੋਂ 'ਨਵੀ ਸਾਂਝ' ਪ੍ਰੋਗਰਾਮ ਦਾ ਆਯੋਜਨ ਕੀਤਾ।ਇਸ ਪ੍ਰੋਗਰਾਮ ਦਾ ਸੰਚਾਲਨ ਵਿਭਾਗ ਦੇ ਪ੍ਰਾਧਿਆਪਕ ਡਾ.ਜਸਵਿੰਦਰ ਕੌਰ ਬਿੰਦਰਾ ਨੇ ਕੀਤਾ।ਕਲਮ ਵਲੋਂ ਚਲਾਈ ਜਾ ਰਹੀ ਭਾਸ਼ਣ ਲੜੀ ਵਿਚ ਵਿਭਾਗ ਦੀ ਪ੍ਰਾਧਿਆਪਕ ਡਾ.ਪਰਮਜੀਤ ਕੌਰ ਨੇ ਪੰਜਾਬੀ ਨਾਟਕ ਦੇ ਇਤਿਹਾਸ ਬਾਰੇ ਨਵੇਂ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕੀਤੀ।ਉਨ੍ਹਾਂ ਨੇ ਥੋੜੇ ਸਮੇਂ ਵਿਚ ਹੀ ਵਿਦਿਆਰਥੀਆਂ ਨੂੰ ਨਾਟਕ ਦੇ ਵਿਕਾਸ ਤੋਂ ਜਾਣੂ ਕਰਵਾਇਆ। ਵਿਭਾਗ ਦੇ ਕਨਵੀਨਰ ਡਾ. ਬਰਜਿੰਦਰ ਸਿੰਘ ਚੌਹਾਨ ਨੇ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ।ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਗਜ਼ਲ ਵੀ ਪੇਸ਼ ਕੀਤੀ।ਪੰਜਾਬੀ ਵਿਭਾਗ ਦੇ ਦੂਜੇ ਅਧਿਆਪਕਾਂ ਡਾ.ਬੇਅੰਤ ਕੌਰ, ਡਾ.ਭੁਪਿੰਦਰਪਾਲ ਸਿੰਘ ਬਖਸ਼ੀ, ਡਾ.ਵਿਨੈਨੀਤ ਕੌਰ ਤੇ ਡਾ.ਪਰਮਜੀਤ ਕੌਰ ਕੰਬੋਜ ਨੇ ਵੀ ਵਿਦਿਆਰਥੀਆਂ ਨਾਲ ਸਾਂਝ ਪਾਈ।ਇਸ ਪ੍ਰੋਗਰਾਮ ਵਿਚ ਨਵੇਂ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਉਨ੍ਹਾਂ ਵਿਚੋਂ ਕਈਆਂ ਨੇ ਆਪਣੀ ਪ੍ਰਤਿਭਾ ਅਨੁਸਾਰ ਕਵਿਤਾ,ਗਜ਼ਲ ਤੇ ਲੇਖ ਪ੍ਰਸਤੁਤ ਕੀਤੇ।ਕੁਝ ਵਿਦਿਆਰਥੀਆਂ ਨੇ ਕਰੋਨਾ ਤੇ ਪ੍ਰਦੂਸ਼ਣ ਜਿਹੇ ਵਿਸ਼ਿਆਂ ਉਤੇ ਬਣਾਏ ਆਪਣੇ ਪੋਸਟਰ ਤੇ ਸਕੈਚ ਪੇਸ਼ ਕੀਤੇ।ਵਿਭਾਗ ਦੇ ਸਾਰੇ ਅਧਿਆਪਕਾਂ ਨੇ ਇਨ੍ਹਾਂ ਨਵੇਂ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕੀਤੀ।




JASVINDERKAURBINDRA A
bap19 2145
bap19 2234
beant kaur
Paramjit Kaur
BarjinderSingh Chowhan
bap19 2313
B
BAP20.2237 shobhit
Meeting details
Raise hand
Turn on captions
Present now